ਵੱਲ ਐਮ.ਐਚ.ਏ, ਹੋਮ ਡਿਪਾਰਟਮੈਂਟ, ਪੰਜਾਬ , ਡੀ.ਜੀ.ਪੀ/ਪੰਜਾਬ, ਏ.ਡੀ.ਜੀ.ਪੀ ਸਿਕਉਰਟੀ, ਏ.ਡੀ.ਜੀ.ਪੀ ਉਪਰੇਸ਼ਨ , ਏ.ਡੀ.ਜੀ.ਪੀ ਲਾਅ ਐਡੰ ਆਰਡਰ ਪੰਜਾਬ ਚੰਡੀਗੜ੍ਹ
ਆਈ.ਜੀ.ਪੀ ਕਰਾਈਮ, ਆਈ.ਜੀ.ਪੀ ਉਪਰੇਸ਼ਨ, ਆਈ.ਜੀ.ਪੀ ਇੰਟੀਲੀਜੈਂਸ , ਪੀ.ਪੀ.ਸੀ.ਆਰ ਚੰਡੀਗੜ੍ਹ,

ਕਾਪੀ ਡਿਪਟੀ ਇੰਸਪੈਕਟਰ ਜਰਨਲ ਆਫ ਪੁਲਿਸ ਫਿਰੋਜ਼ਪੁਰ ਰੇਜ਼ ਫਿਰੋਜ਼ਪੁਰ ਕੈਂਟ,ਸੀਨੀਅਰ ਪੁਲਿਸ ਕਪਤਾਨ ਫਿਰੋਜ਼ਪੁਰ,ਐਸ.ਪੀ (ਸ),ਐਸ.ਪੀ (ਇਨਵੈਸਟੀਗੇਸ਼ਨ),ਐਸ.ਪੀ (ਉਪਰੇਸ਼ਨ) ,ਐਸ.ਪੀ (ਪੀ.ਬੀ.ਆਈ) ਫਿਰੋਜ਼ਪੁਰ
ਡੀ.ਐਸ.ਪੀ/ਸਿਟੀ,ਡੀ.ਐਸ.ਪੀ/ਡਿਟੈਕਟਿਵ, ਡੀ.ਐਸ.ਪੀ/ਸਬ ਡਿਵੀਜਨ, ਡੀ.ਐਸ.ਪੀ/ਹੈਡੱ ਕੁਆਟਰ, ਡੀ.ਐਸ.ਪੀ (ਸਪੈਸ਼ਲ ਬ੍ਰਾਂਚ), ਡੀ.ਐਸ.ਪੀ (ਐਨ.ਡੀ.ਪੀ.ਐਸ), ਡੀ.ਐਸ.ਪੀ (ਸਪੈਸ਼ਲ ਕਰਾਈਮ) ਡੀ.ਐਸ.ਪੀ/ਜੀਰਾ, ਡੀ.ਐਸ.ਪੀ/ਗੁਰੂਹਰਸਹਾਏ

ਵੱਲੋ ਪੁਲਿਸ ਕੰਟਰੋਲ ਰੂਮ ਫਿਰੋਜ਼ਪੁਰ

ਨੰਬਰ 1026-41 ਪੀ.ਸੀ.ਆਰ ਫਿਰੋਜ਼ਪੁਰ ਮਿਤੀ :- 26.01.2023

ਵਿਸ਼ਾ ਰੋਜਾਨਾ ਕਰਾਈਮ ਰਿਪੋਰਟ ਜਿਲਾ ਫਿਰੋਜ਼ਪੁਰ ਮਿਤੀ :- 25.01.2023

| ਲੜੀ ਨੰ: | ਥਾਣੇ ਦਾ ਨਾਮ | ਮੁੱਕਦਮਾ ਨੰਬਰ, ਮਿਤੀ ਤੇ ਜੁਰਮ | ਘਟਨਾ ਦਾ ਸਮਾਂ, ਤਰੀਖ ਤੇ ਵਕੂਆ | ਮੁੱਦਈ ਦਾ ਪੂਰਾ ਪਤਾ, ਉਮਰ ਤੇ ਮੋਬਾਇਲ ਨੰਬਰ, | ਦੋਸ਼ੀ ਦਾ ਨਾਮ ਤੇ ਪੂਰਾ ਪਤਾ | ਦੋਸ਼ੀ ਗ੍ਰਿਫਤਾਰ ਹੈ ਜਾਂ ਨਹੀ | ਹਸਪਤਾਲ ਦਾ ਨਾਮ ਜਿੱਥੇ ਜਖ਼ਮੀ ਵਿਅਕਤੀ ਦਾਖਲ ਹੈ | ਪੀੜਤ ਦੀ ਉਮਰ ਅਗਵਾ, ਬਲਾਤਕਾਰ ਬਦਫੈਲੀ ਕੇਸਾਂ ਵਿੱਚ | ਸੰਖੇਪ ਹਲਾਤ | ਬਰਾਮਦਗੀ ਜੇਕਰ ਕੋਈ ਹੋਵੇ । | ਤਫਤੀਸ਼ੀ ਅਫ਼ਸਰ ਦਾ ਨਾਮ ਤੇ ਮੋਬਾਇਲ/ਨੰ: |
|---|---|---|---|---|---|---|---|---|---|---|---|
| 1 | ਸਿਟੀ ਫਿਰੋਜ਼ਪੁਰ | 43/25.01.2023 ਅ/ਧ 323/379-ਬੀ4506/148/149 ਆਈ.ਪੀ.ਸੀ | 08.30 ਪੀ.ਐਮ 24.01.2023 ਬਾਹੱਦ ਰਕਬਾ ਦਾਣਾ ਮੰਡੀ ਦੇ ਸਾਹਮਣੇ ਸਿਟੀ ਫਿਰੋਜ਼ਪੁਰ | ਸੁਖਦੇਵ ਪੁੱਤਰ ਰਾਜ ਕੁਮਾਰ ਵਾਸੀ ਬੇਦੀ ਕਲੋਨੀ ਸਿਟੀ ਫਿਰੋਜ਼ਪੁਰ 35 ਸਾਲ 77-197-52-556 | 1) ਰੋਹਿਤ ਭੱਟੀ ਪੁੱਤਰ ਨਾਮਲੂਮ ਵਾਸੀ ਨਾਮਲੂਮ 2) ਗੋਰੀ ਪੁੱਤਰ ਨਾਮਲੂਮ 3) ਅਕਾਸ਼ ਪੁੱਤਰ ਨਾਮਲੂਮ 4) ਮੋਹਰ ਪੁੱਤਰ ਨਾਮਲੂਮ ਵਾਸੀਅਨ ਜੰਤਾ ਪ੍ਰੀਤ ਨਗਰ 5) ਕੁੰਡੀ ਪੁੱਤਰ ਨਾਮਲੂਮ ਵਾਸੀ ਨਾਮਲੂਮ | ਨਹੀਂ | ਸਿਵਲ ਹਸਪਤਾਲ ਫਿਰੋਜ਼ਪੁਰ | - | ਮੁੱਦਈ ਜੋ ਲੇਬਰ ਯੂਨੀਅਨ ਵਿੱਚ ਕੰਮ ਕਰਦਾ ਹੈ, ਮਿਤੀ 24.01.2023 ਨੂੰ ਉਹ ਆਪਣੇ ਕੰਮ ਤੋਂ ਆਏ ਸੀ ਤੇ ਆਪਣੇ ਸਾਥੀ ਅਸ਼ੋਕ ਆਪਣੀ ਨਿੱਤ ਦੀ ਦਿਹਾੜੀ ਦੇ ਪੈਸੇ ਵੰਡ ਕੇ ਦਾਣਾ ਮੰਡੀ ਦੇ ਸਾਹਮਣੇ ਠੇਕੇ ਕੋਲ ਅੰਡੇ ਖਾ ਕੇ ਆਪਣੇ ਆਪਣੇ ਘਰ ਜਾ ਰਹੇ ਸੀ ਤਾਂ ਅਚਾਨਕ ਦੋਸ਼ੀ ਰੋਹਿਤ ਭੱਟੀ ਜਿਸ ਦੇ ਹੱਥ ਵਿੱਚ ਕ੍ਰਿਪਾਨ ਫੜੀ ਹੋਈ ਸੀ, ਜਿਸ ਨੇ ਮੁੱਦਈ ਤੇ ਕ੍ਰਿਪਾਨ ਨਾਲ ਹਮਲਾ ਕਰ ਦਿੱਤਾ ਤਾਂ ਇੰਨੇ ਨੂੰ ਨਿੰਦਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਸੱਦੂ ਸ਼ਾਹ ਵਾਲਾ ਮੋਕਾ ਪਰ ਆ ਗਿਆ, ਜਿਸ ਨੇ ਉਸਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤੇ ਦੋਸ਼ੀ ਗੋਰੀ ਨੇ ਉਸ ਉਪਰ ਵੀ ਗੰਡਾਸੀ ਦੇ ਵਾਰ ਕੀਤੇ ਅਚਾਨਕ ਹੀ ਹੁੰਦੀ ਲੜਾਈ ਦੇਖ ਕੇ ਬਿੱਲਾ ਪੁੱਤਰ ਰਾਜ ਕੁਮਾਰ ਵਾਸੀ ਬੇਦੀ ਕਲੋਨੀ, ਜਰਨੈਲ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਸੂਰਜ ਐਵਨਿਉ ਤੇ ਵਿਸ਼ਾਲ ਪੁੱਤਰ ਮਨੋਹਰ ਲਾਲ ਵਾਸੀ ਗੋਬਿੰਦ ਨਗਰੀ ਮੋਕਾ ਪਰ ਆ ਗਏ ਜਿੰਨਾ ਨੇ ਇਹਨਾਂ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਬਾਕੀ ਦੋਸ਼ੀਆਨ ਵੀ ਮੋਕਾ ਪਰ ਆ ਗਏ ਤੇ ਜਰਨੈਲ ਸਿੰਘ ਹੋਰਾਂ ਦੇ ਗਲ ਪੈ ਗਏ ਤੇ ਜਰਨੈਲ ਸਿੰਘ ਦੀ ਖੱਬੀ ਜੇਬ ਵਿੱਚੋਂ 20 ਹਜ਼ਾਰ ਰੁਪਏ , 01 ਲਾਵਾ ਕੰਪਨੀ ਦਾ ਮੋਬਾਇਲ ਫੋਨ ਤੇ ਜਰਨੈਲ ਸਿੰਘ ਦੇ ਹੱਥ ਫੜੀ ਰਾਇਫਲ 315 ਬੋਰ ਲਾਇੰਸੰਸੀ ਖੋਹ ਲਈ ਤੇ ਆਪਣੇ ਨਾਲ ਲੈ ਗਏ ਜੋ ਇਹ ਦੋਸ਼ੀਆਨ ਲੁੱਟਾਂ ਖੋਹਾਂ ਕਰਨ ਦੇ ਆਦੀ ਹਨ, ਸੁਖਦੇਵ ਤੇ ਅਸ਼ੋਕ ਦੇ ਹੱਥ ਵਿੱਖ ਫੜੇ 5000/- ਰੁਪਏ ਦੇਖ ਕੇ ਇਹਨਾਂ ਨੇ ਲੁੱਟਣ ਦੀ ਕੋਸ਼ਿਸ਼ ਕੀਤੀ ਤਾਂ ਜਰਨੈਲ ਸਿੰਘ, ਵਿਸ਼ਾਲ ਤੇ ਨਿੰਦਰ ਦੇ ਇਹਨਾਂ ਨੇ ਸੱਟਾਂ ਮਾਰੀਆਂ ਹਨ । | - | ਸ:ਥ ਜੰਗ ਸਿੰਘ 62-807 73-285 |
| 2 | ਤਲਵੰਡੀ ਭਾਈ | 07/25.01.2023 ਅ/ਧ 324/323/148/149 ਆਈ.ਪੀ.ਸੀ | 07.00 ਪੀ.ਐਮ 19.01.2023 ਬਾਹੱਦ ਰਕਬਾ ਅਜੀਤ ਨਗਰ ਤਲਵੰਡੀ ਭਾਈ | ਲਵਪ੍ਰੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਅਜੀਤ ਨਗਰ ਤਲਵੰਡੀ ਭਾਈ 89-823-94-904 | 1) ਗਿਆਨੀ ਪੁੱਤਰ ਹਰਪ੍ਰੀਤ ਸਿੰਘ @ ਹੈਪੀ 2) ਲਵਪ੍ਰੀਤ ਸਿੰਘ ਪੁੱਤਰ ਹਰਪ੍ਰੀਤ ਸਿੰਘ @ ਹੈਪੀ 3) ਮਨਪ੍ਰੀਤ ਕੌਰ ਪਤਨੀ ਹਰਪ੍ਰੀਤ ਸਿੰਘ @ ਹੈਪੀ ਵਾਸੀਅਨ ਅਜੀਤ ਨਗਰ,ਤਲਵੰਡੀ ਭਾਈ | ਨਹੀਂ | ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ | - | ਮਿਤੀ 19.01.2023 ਨੂੰ ਮੁੱਦਈ ਆਪਣੀ ਭੈਣ ਤੇ ਪਿਤਾ ਨੂੰ ਮੋਟਰਸਾਇਕਲ ਤੇ ਲੈ ਕੇ ਆ ਰਿਹਾ ਸੀ, ਜਦ ਮੋੜ ਮੁੜਣ ਲੱਗਾ ਤਾਂ ਮੁੱਦਈ ਦਾ ਮੋਟਰਸਾਇਕਲ ਦੋਸ਼ੀ ਗਿਆਨੀ ਵਿੱਚ ਵੱਜਣ ਲੱਗਾ ਪਰ ਵੱਜਾ ਨਹੀਂ ਸੀ, ਜਿਸ ਤੇ ਗਿਆਨੀ ਮੁੱਦਈ ਨੂੰ ਗਾਲੀ ਗਲੋਚ ਕਰਨ ਲੱਗਾ ਤਾਂ ਇੰਨੇ ਵਿੱਚ ਬਾਕੀ ਦੋਸ਼ੀਆਨ ਵੀ ਮੋਕਾ ਪਰ ਆ ਗਏ ਤੇ ਮੁੱਦਈ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ । | - | ਸ:ਥ ਰਣਧੀਰ ਸਿੰਘ 97-812 12-060 |
| 3 | ਗੁਰੂਹਰਸਹਾਏ | 05/25.01.2023 ਅ/ਧ 436/427/34 ਆਈ.ਪੀ.ਸੀ | 05.00 ਪੀ.ਐਮ 13.01.2023 ਬਾਹੱਦ ਰਕਬਾ ਕੁਟੀ ਰੋਡ ਗੁਰੂਹਰਸਹਾਏ | ਕੁਲਵਿੰਦਰ ਕੌਰ ਪਤਨੀ ਬਾਬੂ ਰਾਮ ਵਾਸੀ ਕੁਟੀ ਰੋਡ ਗੁਰੂਹਰਸਹਾਏ 55 ਸਾਲ 90-418-23-472 | 1) ਸੁਮਨਪ੍ਰੀਤ ਸਿੰਘ 2) ਗਗਨਦੀਪ ਸਿੰਘ ਪੁੱਤਰਾਨ ਬਾਬੂ ਰਾਮ ਵਾਸੀਅਨ ਕੁਟੀ ਰੋਡ ਗੁਰੂਹਰਸਹਾਏ ਥਾਣਾ ਗੁਰੂਹਰਸਹਾਏ, ਜਿਲ੍ਹਾ ਫਿਰੋਜ਼ਪੁਰ | ਨਹੀਂ | - | - | ਮੁੱਦਈਆ ਦੇ ਲੜਕੇ ਸੁਮਨਪ੍ਰੀਤ ਸਿੰਘ ਅਤੇ ਗਗਨਦੀਪ ਸਿੰਘ ਮੁੱਦਈਆ ਦੀ ਕੁੱਟਮਾਰ ਕਰਦੇ ਸਨ ਤੇ ਉਸਦੀ ਸਾਂਭ ਸੰਭਾਲ ਨਹੀਂ ਕਰਦੇ ਸਨ, ਮੁੱਦਈਆ ਦਾ ਸਮਾਨ ਵੀ ਘਰ ਵਿੱਚ ਇੱਕ ਸਾਇਡ ਤੇ ਰੱਖਿਆ ਹੋਇਆ ਹੈ, ਜਿਸ ਨੂੰ ਮਿਤੀ 13.01.2023 ਨੂੰ ਦੋਸ਼ੀਆਨ ਨੇ ਅੱਗ ਲਾ ਦਿੱਤੀ , ਜਿਸ ਕਾਰਨ ਮੁੱਦਈਆ ਦੇ ਕੱਪੜੇ, ਮੰਜੇ ਬਿਸਤਰੇ ਅਤੇ ਹੋਰ ਸਮਾਨ ਸੜ ਗਿਆ ਤੇ ਘਰ ਦੀ ਵੀ ਭੰਨ ਤੋੜ ਕੀਤੀ । | - | ਸ:ਥ ਮਹਿਲ ਸਿੰਘ 94-642 19-454 |
| 4 | ਗੁਰੂਹਰਸਹਾਏ | 07/25.01.2023 ਅ/ਧ 188/420 ਆਈ.ਪੀ.ਸੀ, 39,51 OF WILD LIFE PROTECTION ACT 1972 15 OF ENVIORNMENT PROTECTION ACT 1986 | 09.25 ਪੀ.ਐਮ 25.01.2023 ਬਾਹੱਦ ਰਕਬਾ ਵਿਸ਼ਵਕਰਮਾ ਚੌਕੰ ਗੁਰੂਹਰਸਹਾਏ | ਸ:ਥ ਆਤਮਾ ਸਿੰਘ ਥਾਣਾ ਗੁਰੂਹਰਸਹਾਏ ਜਿਲ੍ਹਾ ਫਿਰੋਜ਼ਪੁਰ 81-988-37-500 | ਲੱਕੀ ਪੁੱਤਰ ਰਮੇਸ਼ ਕੁਮਾਰ ਵਾਸੀ ਬਸਤੀ ਗੁਰੂ ਕਰਮ ਸਿੰਘ ਵਾਲੀ ਗੁਰੂਹਰਸਹਾਏ ਥਾਣਾ ਗੁਰੂਹਰਸਹਾਏ, ਜਿਲ੍ਹਾ ਫਿਰੋਜ਼ਪੁਰ | ਗ੍ਰਿਫਤਾਰ ਹੈ। | - | - | ਸ:ਥ ਆਤਮਾ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸੰਬਧ ਵਿੱਚ ਬਾਹੱਦ ਰਕਬਾ ਵਿਸ਼ਵਕਰਮਾ ਚੌਕੰ ਗੁਰੂਹਰਸਹਾਏ ਵਿਖੇ ਮੋਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੋਸ਼ੀ ਡੋਰਾ ਪੰਤਗਾਂ ਦਾ ਕੰਮ ਕਰਦਾ ਹੈ ਤੇ ਬਸੰਤ ਪੰਚਮੀ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਆਪਣੀ ਸੈਂਟਰੋਂ ਕਾਰ ਨੰਬਰ PB-37-B-5577 ਪਰ ਚਾਇਨਾ ਡੋਰ ਬੈਨ ਹੋਣ ਕਰਕੇ ਉਸਦੇ ਰੈਪਰ ਬਦਲ ਕੇ ਆਪਣੀ ਗੱਡੀ ਵਿੱਚ ਲੋਡ ਕਰਕੇ ਫਿਰੋਜ਼ਪੁਰ ਦੀ ਤਰਫੋਂ ਆ ਰਿਹਾ ਹੈ, ਜੇਕਰ ਹੁਣੇ ਨਾਕਾਬਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਿਸ ਪਾਰਟੀ ਦੁਆਰਾ ਨਾਕਾਬੰਦੀ ਕਰਕੇ ਦੋਸ਼ੀ ਨੂੰ ਸਮੇਤ ਉਕਤ ਗੱਡੀ ਦੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੋਰਾਨ 75 ਗੱਟੂ (ਚਰਖੜੀਆਂ) ਚਾਇਨਾ ਡੋਰ, 02 ਲੱਖ ਰੁਪਏ ਬਰਾਮਦ ਹੋਏ । | 75 ਗੱਟੂ (ਚਰਖੜੀਆਂ) ਚਾਇਨਾ ਡੋਰ, 02 ਲੱਖ ਰੁਪਏ ਅਤੇ 01 ਸੈਂਟਰੋਂ ਕਾਰ ਨੰਬਰ PB-37-B-5577 | ਸ:ਥ ਆਤਮਾ ਸਿੰਘ 81-988 37-500 |

| ਲੜੀ ਨੰ: | ਥਾਣੇ ਦਾ ਨਾਮ | ਮੁੱਕਦਮਾ ਨੰਬਰ, ਮਿਤੀ ਤੇ ਜੁਰਮ | ਘਟਨਾ ਦਾ ਸਮਾਂ, ਤਰੀਖ ਤੇ ਵਕੂਆ | ਮੁੱਦਈ ਦਾ ਪੂਰਾ ਪਤਾ, ਉਮਰ ਤੇ ਮੋਬਾਇਲ ਨੰਬਰ, | ਦੋਸ਼ੀ ਦਾ ਨਾਮ ਤੇ ਪੂਰਾ ਪਤਾ | ਦੋਸ਼ੀ ਗ੍ਰਿਫਤਾਰ ਹੈ ਜਾਂ ਨਹੀ | ਹਸਪਤਾਲ ਦਾ ਨਾਮ ਜਿੱਥੇ ਜਖ਼ਮੀ ਵਿਅਕਤੀ ਦਾਖਲ ਹੈ | ਪੀੜਤ ਦੀ ਉਮਰ ਅਗਵਾ, ਬਲਾਤਕਾਰ ਬਦਫੈਲੀ ਕੇਸਾਂ ਵਿੱਚ | ਸੰਖੇਪ ਹਲਾਤ | ਬਰਾਮਦਗੀ ਜੇਕਰ ਕੋਈ ਹੋਵੇ । | ਤਫਤੀਸ਼ੀ ਅਫ਼ਸਰ ਦਾ ਨਾਮ ਤੇ ਮੋਬਾਇਲ/ਨੰ: |
|---|---|---|---|---|---|---|---|---|---|---|---|
| 5 | ਸਦਰ ਜੀਰਾ | 13/25.01.2023<br>ਅ/ਧ<br>21/61/85<br>NDPS ACT | 06.40 ਪੀ.ਐਮ<br>25.01.2023<br>ਬਾਹੱਦ ਰਕਬਾ<br>ਮਹੀਆਂ ਵਾਲਾ ਖੁਰਦ | ਸ:ਥ ਬਲਜਿੰਦਰ ਸਿੰਘ<br>ਥਾਣਾ ਸਦਰ ਜੀਰਾ<br>ਜਿਲ੍ਹਾ ਫਿਰੋਜ਼ਪੁਰ<br>91-181-00-046 | ਲਵਪ੍ਰੀਤ ਸਿੰਘ @ ਮਿੰਟੂ ਪੁੱਤਰ<br>ਲਖਵੀਰ ਸਿੰਘ<br>ਵਾਸੀ ਪਿੰਡ ਕੱਸੋਆਣਾ<br>ਥਾਣਾ ਸਦਰ ਜੀਰਾ, ਜਿਲ੍ਹਾ ਫਿਰੋਜ਼ਪੁਰ | ਗ੍ਰਿਫਤਾਰ ਹੈ । | - | - | ਸ:ਥ ਬਲਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸੰਬਧ ਵਿੱਚ ਬਾਹੱਦ ਰਕਬਾ ਮਹੀਆਂ ਵਾਲਾ ਖੁਰਦ ਨਹਿਰ ਦੇ ਪੁਲ ਪਾਸ ਮੋਜੂਦ ਸੀ ਤਾਂ ਇੱਕ ਨੌਜਵਾਨ ਪੈਦਲ ਆਉਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਤੇ ਮੋਕਾ ਤੋਂ ਖਿਸਕਣ ਲੱਗਾ । ਪੁਲਿਸ ਪਾਰਟੀ ਦੁਆਰਾ ਸ਼ੱਕ ਦੀ ਬਿਨਾਅ ਪਰ ਕਾਬੂ ਕਰਕੇ ਨਾਮ ਪਤਾ ਪੁੱਛਿਆ ਗਿਆ ਤੇ ਤਲਾਸ਼ੀ ਦੋਰਾਨ 20 ਗ੍ਰਾਮ ਹੈਰੋਇਨ ਬਰਾਮਦ ਹੋਈ । | 20 ਗਾਮ ਹੈਰੋਇਨ । | ਸ:ਥ<br>ਬਲਜਿੰਦਰ ਸਿੰਘ<br>91-181<br>00-046 |
| 6 | ਗੁਰੂਹਰਸਹਾਏ | 06/25.01.2023<br>ਅ/ਧ<br>61/1/14<br>EXCISE ACT | 03.20 ਪੀ.ਐਮ<br>25.01.2023<br>ਬਾਹੱਦ ਰਕਬਾ<br>ਵਿਸ਼ਵਕਰਮਾ ਚੌਕਂ<br>ਗੁਰੂਹਰਸਹਾਏ | ਸ:ਥ ਗੁਰਦੇਵ ਸਿੰਘ<br>ਥਾਣਾ ਗੁਰੂਹਰਸਹਾਏ<br>ਜਿਲ੍ਹਾ ਫਿਰੋਜ਼ਪੁਰ<br>98-142-62-038 | ਬਗੀਚਾ ਸਿੰਘ ਪੁੱਤਰ ਗੁਰਬਖਸ਼ ਸਿੰਘ<br>ਵਾਸੀ ਬਸਤੀ ਕੇਸਰ ਸਿੰਘ ਵਾਲੀ ਗੁਰੂਹਰਸਹਾਏ<br>ਥਾਣਾ ਗੁਰੂਹਰਸਹਾਏ, ਜਿਲ੍ਹਾ ਫਿਰੋਜ਼ਪੁਰ | ਨਹੀਂ | - | - | ਸ:ਥ ਗੁਰਦੇਵ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸੰਬਧ ਵਿੱਚ ਬਾਹੱਦ ਰਕਬਾ ਵਿਸ਼ਵਕਰਮਾ ਚੌਕਂ ਗੁਰੂਹਰਸਹਾਏ ਵਿਖੇ ਮੋਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੋਸ਼ੀ ਸ਼ਰਾਬ ਨਜਾਇਜ਼ ਵੇਚਣ ਦਾ ਆਦੀ ਹੈ, ਜੇਕਰ ਹੁਣੇ ਇਸ ਦੇ ਘਰ ਰੇਡ ਕੀਤਾ ਜਾਵੇ ਤਾਂ ਸ਼ਰਾਬ ਨਜਾਇਜ਼ ਬਰਾਮਦ ਹੋ ਸਕਦੀ ਹੈ । ਪੁਲਿਸ ਪਾਰਟੀ ਦੁਆਰਾ ਦੋਸ਼ੀ ਦੇ ਘਰ ਰੇਡ ਕੀਤਾ ਗਿਆ ਤਾਂ ਦੋਸ਼ੀ ਮੋਕਾ ਤੋਂ ਫਰਾਰ ਹੋ ਗਿਆ ਤੇ ਮੋਕਾ ਪਰ 54 ਬੋਤਲਾਂ ਸ਼ਰਾਬ ਨਜਾਇਜ਼ ਬਰਾਮਦ ਹੋਈ । | 54 ਬੋਤਲਾਂ ਸ਼ਰਾਬ ਨਜਾਇਜ਼ । | ਸ:ਥ<br>ਗੁਰਦੇਵ ਸਿੰਘ<br>98-142<br>62-038 |

| ਕੁੱਲ = 06 | ਆਈ.ਪੀ.ਸੀ | ਐਨ.ਡੀ.ਪੀ.ਐਸ.ਐਕਟ | ਆਬਕਾਰੀ ਐਕਟ |
|---|---|---|---|
| | 04 | 01 | 01 |

ਸਰਬਜੀਤ ਸਿੰਘ ਸ:ਥ
ਪੁਲਿਸ ਕੰਟਰੋਲ ਰੂਮ ਫਿਰੋਜ਼ਪੁਰ
ਮਿਤੀ .- 26.01.2023